# ਸਿਟੀ ਦਾ ਰੁੱਖ

Delta



ਇਹ ਰੁੱਖ ਡੈਲਟਾ ਦੇ ਵਸਨੀਕਾਂ ਦੀ ਸੇਵਾ ਅਤੇ ਆਨੰਦ ਲਈ ਲਾਇਆ ਗਿਆ ਸੀ। ਘਰ ਮਾਲਕਾਂ ਵਲੋਂ ਥੋੜ੍ਹੀ ਜਿਹੀ ਸੰਭਾਲ ਅਤੇ ਸਿਟੀ ਦੇ ਸਟਾਫ ਦੇ ਰੁੱਖ ਨੂੰ ਪਾਲਣ ਦੇ ਨੇਮ ਨਾਲ ਚੱਲਣ ਵਾਲੇ ਪ੍ਰੋਗਰਾਮ ਨਾਲ, ਰੁੱਖ ਕਈ ਪੀੜ੍ਹੀਆਂ ਨੂੰ ਕੀਮਤੀ ਸਮਾਜਿਕ ਅਤੇ ਵਾਤਾਵਰਨ ਨਾਲ ਸੰਬੰਧਿਤ ਫਾਇਦੇ ਦੇ ਸਕਦੇ ਹਨ।

## ਕਿਰਪਾ ਕਰਕੇ ਇਹ ਕਰੋ:

ਗਰਮੀਆਂ ਦੇ ਗਰਮ ਮਹੀਨਿਆਂ ਦੌਰਾਨ ਰੁੱਖ ਨੂੰ ਹਰ ਹਫਤੇ ਘੱਟੋ ਘੱਟ 15 ਗੈਲਨ ਪਾਣੀ ਦਿਉ।

ਰੁੱਖ ਦੇ ਮੁੱਢ ਨੂੰ ਢਕਿਆ ਰਹਿਣ ਦਿਉ ਅਤੇ ਘਾਹ ਅਤੇ ਨਦੀਨ ਤੋਂ ਮੁਕਤ ਰੱਖੋ ਕਿਉਂਕਿ ਉਹ ਛੋਟੇ ਰੁੱਖ ਨਾਲ ਮੁਕਾਬਲਾ ਕਰਨਗੇ।

## ਕਿਰਪਾ ਕਰਕੇ ਇਹ ਨਾ ਕਰੋ:

ਰੁੱਖ ਨੂੰ ਛਾਂਗੋ ਨਾ ਜਾਂ ਇਸ ਨੂੰ ਖਾਦ ਨਾ ਪਾਉ। ਸਿਟੀ ਦੇ ਰੁੱਖਾਂ ਦੇ ਮਾਹਰ ਲੋੜ ਪੈਣ ’ਤੇ ਰੁੱਖ ਦੀ ਦੇਖਭਾਲ ਕਰਨ ਲਈ ਮੌਜੂਦ ਹਨ।

ਰੁੱਖ ਦੇ ਤਣੇ ਦੇ ਹੇਠਾਂ ਘਾਹ ਕੱਟਣ ਵਾਲੀ ਮਸ਼ੀਨ ਜਾਂ ਲਾਈਨ ਟ੍ਰਿਮਰ ਨਾ ਚਲਾਉ। ਇਸ ਨਾਲ ਛਿੱਲ ਦਾ ਨੁਕਸਾਨ ਹੋ ਸਕਦਾ ਹੈ ਅਤੇ ਇਹ ਰੁੱਖ ਨੂੰ ਹਾਨੀ ਪਹੁੰਚਾਏਗਾ।

ਤਣੇ ਦੇ ਦੁਆਲੇ ਮਿੱਟੀ ਜਾਂ ਮਲਚ ਦੀ ਢੇਰੀ ਨਾ ਲਗਾਉ। ਜੜ੍ਹਾਂ ਨੂੰ ਠੰਢਾ ਅਤੇ ਗਿੱਲਾ ਰੱਖਣ ਲਈ ਰੁੱਖ ਨੂੰ ਕੰਪੋਸਟਡ ਮਲਚ ਦੀ ਸਿਰਫ 8 ਸੈਂਟੀਮੀਟਰ ਜਾਂ 3 ਇੰਚ ਤੱਕ ਦੀ ਗਹਿਰਾਈ ਦੀ ਲੋੜ ਹੈ।

## ਸੰਪਰਕ ਕਰੋ:

ਰੁੱਖ ਦੀ ਸੰਭਾਲ ਬਾਰੇ ਸਵਾਲਾਂ, ਸਰਵਿਸ ਲਈ ਬੇਨਤੀਆਂ, ਜਾਂ ਆਪਣੇ ਸਿਟੀ ਦੇ ਬੁਲੇਵਾਰਡ ਲਈ ਰੁੱਖ ਦੀ ਬੇਨਤੀ ਕਰਨ ਲਈ **delta.ca/trees** ’ਤੇ ਜਾਉ ਜਾਂ ਇੰਜਨੀਅਰਿੰਗ ਨਾਲ **604-946-4141** ’ਤੇ ਜਾਂ **engineering@delta.ca** ’ਤੇ ਸੰਪਰਕ ਕਰੋ।